# ਯੂਨੀਵਰਸਲ ਕਮਿਊਨਿਟੀ

# ਟੈਸਟਿੰਗ ਪ੍ਰੋਗਰਾਮ

ਵੇਰਵਿਆਂ ਲਈ, ਕਿਰਪਾ ਕਰਕੇ communitytest.gov.hk ਵੇਖੋ

24 ਘੰਟੇ ਦੀ ਹੌਟਲਾਈਨ 31422368

## ਉਦੇਸ਼

ਯੂਨੀਵਰਸਲ ਕਮਿਊਨਿਟੀ ਟੈਸਟਿੰਗ ਪ੍ਰੋਗਰਾਮ (UCTP) ਦਾ ਉਦੇਸ਼ ਹਾਂਗ ਕਾਂਗ ਵਿੱਚ ਕੋਵਿਡ-19 ਦੀ ਲਾਗ ਸਥਿਤੀ ਅਤੇ ਲੱਛਣ ਵਾਲੇ ਮਰੀਜ਼ਾਂ ਦੀ ਜਲਦੀ ਤੋਂ ਜਲਦੀ ਪਛਾਣ, ਇਕਾਂਤ ਨਿਵਾਸ ਵਿੱਚ ਰਹਿਣਾ ਅਤੇ ਜਲਦੀ ਇਲਾਜ ਪ੍ਰਾਪਤ ਕਰਨਾ ਅਤੇ ਕਮਿਊਨਿਟੀ ਵਿੱਚ ਵਾਇਰਸ ਪ੍ਰਸਾਰਣ ਚੇਨ ਨੂੰ ਕੱਟਣਾ ਹੈ। UCTP ਦਾ ਉਦੇਸ਼ ਆਮ ਜਨਤਾ ਨੂੰ ਵੀ ਸੇਵਾਵਾਂ ਪ੍ਰਾਪਤ ਕਰਨ ਦੀ ਆਗਿਆ ਦੇਣਾ ਹੈ ਜੋ ਮੁਫਤ ਵਾਇਰਸ ਟੈਸਟ ਕਰਵਾਉਣਾ ਚਾਹੁੰਦੇ ਹਨ ।

UCTP ਵਿੱਚ ਹਿੱਸਾ ਲੈਣਾ ਸਵੈਇੱਛੁਕ ਹੈ। ਕੁੱਝ ਲੋਕਾਂ ਤੋਂ ਇਲਾਵਾ ਜੋ ਜਾਂਚ ਲਈ ਢੁੱਕਵੇਂ ਨਹੀਂ ਹਨ, ਹਾਂਗ ਕਾਂਗ ਦੇ ਸਾਰੇ ਵਸਨੀਕ ਬਿਨਾਂ ਲੱਛਣਾਂ ਦੇ ਇੱਕ-ਵਾਰ ਕੋਵਿਡ -19 ਟੈਸਟ ਮੁਫਤ ਵਿੱਚ ਪ੍ਰਾਪਤ ਕਰ ਸਕਦੇ ਹਨ। ਇਹ ਸਿਹਤ ਵਿਭਾਗ ਨੂੰ ਜਿੰਨੀ ਜਲਦੀ ਹੋ ਸਕੇ ਸੰਕਰਮਿਤ ਲੋਕਾਂ ਦੀ, ਖਾਸ ਤੌਰ ਤੇ ਵਾਇਰਸ ਨਾਲ ਲੱਛਣਾਂ ਵਾਲੇ ਮਰੀਜ਼ਾਂ ਦੀ ਪਛਾਣ ਕਰਨ ਦੀ ਆਗਿਆ ਦਿੰਦਾ ਹੈ ।

ਅਣਜਾਣ ਸੰਕਰਮਣ ਸਰੋਤਾਂ ਵਾਲੇ ਕੇਸਾਂ ਵਿੱਚ ਮਹਾਂਮਾਰੀ ਦੀ ਤੀਜੀ ਲਹਿਰ ਦੇ ਦੌਰਾਨ ਬਹੁਤ ਸਾਰੇ ਨਵੇਂ ਪੁਸ਼ਟੀ ਕੀਤੇ ਕੇਸਾਂ ਦਾ ਲੇਖਾ-ਜੋਖਾ ਕੀਤਾ ਗਿਆ ਹੈ, ਅਤੇ ਅਜਿਹੇ ਕੇਸ ਵੱਖ ਵੱਖ ਖੇਤਰਾਂ ਅਤੇ ਵਾਤਾਵਰਣ ਨੂੰ ਕਵਰ ਕਰਦੇ ਹਨ । ਇਹ ਦਰਸਾਉਂਦਾ ਹੈ ਕਿ ਕਮਿਊਨਿਟੀ ਵਿੱਚ ਲੁਕੀ ਜਾਂ ਲੱਛਣਾ ਵਾਲੀ ਵਾਇਰਸ ਪ੍ਰਸਾਰਣ ਚੇਨ ਬਣੀ ਹੋਈ ਹੈ, ਜੋ ਚਿੰਤਾਜਨਕ ਹੈ । ਜਿੰਨੀ ਜਲਦੀ ਹੋ ਸਕੇ ਵਾਇਰਸ ਪ੍ਰਸਾਰਣ ਚੇਨ ਨੂੰ ਕੱਟਣ ਲਈ ਬਹੁ-ਪੱਖੀ ਪਹੁੰਚ ਅਪਣਾਉਣੀ ਮਹੱਤਵਪੂਰਨ ਹੈ, ਅਤੇ ਆਪਣੇ ਵਿਚੋਂ ਹਰ ਕੋਈ ਪ੍ਰੋਗਰਾਮ ਵਿੱਚ ਹਿੱਸਾ ਲੈ ਕੇ ਇੱਕ ਭੂਮਿਕਾ ਨਿਭਾ ਸਕਦਾ ਹੈ । ਅਜਿਹਾ ਕਰਕੇ, ਅਸੀਂ ਆਮ ਜ਼ਿੰਦਗੀ ਅਤੇ ਆਰਥਿਕ ਗਤੀਵਿਧੀਆਂ ਨੂੰ ਦੁਬਾਰਾ ਸ਼ੁਰੂ ਕਰ ਸਕਦੇ ਹਾਂ, ਅਤੇ ਹਾਂਗ ਕਾਂਗ ਜਿਹੜੀਆਂ ਗੰਭੀਰ ਆਰਥਿਕ ਅਤੇ ਰੁਜ਼ਗਾਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ ਉਹਨਾਂ ਨੂੰ ਘਟਾ ਸਕਦੇ ਹਾਂ ।

ਸਰਕਾਰ ਨੂੰ ਉਮੀਦ ਹੈ ਕਿ ਹਰੇਕ ਯੋਗ ਨਾਗਰਿਕ, ਆਪਣੇ ਲਈ ਅਤੇ ਆਪਣੇ ਪਿਆਰੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ, ਸਹਿਕਰਮੀਆਂ, ਸਮੂਹ ਸਮਰਪਿਤ ਮੈਡੀਕਲ ਵਰਕਰਾਂ ਅਤੇ ਸਮਾਜ ਦੇ ਹਰੇਕ ਲੋਕਾਂ ਲਈ, UCTP ਵਿੱਚ ਹਿੱਸਾ ਲਵੇਗਾ ।

## ਟੀਚੇ

- ਹਾਂਗ ਕਾਂਗ ਦੇ ਯੋਗ ਸ਼ਨਾਖਤੀ ਕਾਰਡ ਜਾਂ ਜਨਮ ਪ੍ਰਮਾਣ ਪੱਤਰ ਰੱਖਣ ਵਾਲੇ ਸਾਰੇ ਹਾਂਗ ਕਾਂਗ ਦੇ ਵਸਨੀਕ (ਸਥਾਈ ਅਤੇ ਗੈਰ-ਸਥਾਈ ਨਿਵਾਸੀਆਂ ਸਮੇਤ) ਸਵੈਇੱਛਕ ਅਧਾਰ ਤੇ UCTP ਵਿੱਚ ਭਾਗ ਲੈ ਸਕਦੇ ਹਨ ।

- 6 ਸਾਲ ਤੋਂ ਘੱਟ ਉਮਰ ਦੇ ਬੱਚੇ ਅਤੇ ਜਿਨ੍ਹਾਂ ਵਿਅਕਤੀਆਂ ਦੇ ਗਲ਼ੇ ਜਾਂ ਨੱਕ ਦੇ ਆਪ੍ਰੇਸ਼ਨ ਹੋਏ ਹਨ, UCTP ਵਿੱਚ ਹਿੱਸਾ ਲੈਣ ਲਈ **ਯੋਗ ਨਹੀਂ** ਹਨ ।

## ਵਿਸ਼ੇਸ਼ਤਾ

- ਇੱਕ-ਵਾਰ ਟੈਸਟਿੰਗ ਸੇਵਾ ਮੁਫਤ
- ਸਵੈ-ਇੱਛੁਕ ਭਾਗੀਦਾਰੀ

## ਤਾਰੀਖ

• 1 ਸਤੰਬਰ ਤੋਂ ਸੱਤ ਦਿਨਾਂ ਲਈ। ਜਾਰੀ ਰਹਿਣ ਦੇ ਅਧਾਰ ਤੇ ਵੱਧ ਤੋਂ ਵੱਧ ਸੱਤ ਦਿਨਾਂ ਲਈ ਹੋਰ ਵਧਾਉਣ ਯੋਗ।

## ਸਥਾਨ

• ਹਾਂਗ ਕਾਂਗ ਦੇ ਸਾਰੇ 18 ਜ਼ਿਲ੍ਹਿਆਂ ਵਿੱਚ ਕਮਿਊਨਿਟੀ ਟੈਸਟਿੰਗ ਸੈਂਟਰ (CTC) ਸਥਾਪਤ ਕੀਤੇ ਜਾਣਗੇ।

• CTC ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤਕ ਖੁੱਲ੍ਹੇ ਰਹਿਣਗੇ (ਸਫਾਈ ਅਤੇ ਕੀਟਾਣੂ-ਮੁਕਤ ਕਰਨ ਲਈ ਇੱਕ ਘੰਟੇ ਦੇ ਬਰੇਕ ਨਾਲ)।

• CTC ਸੰਕਰਮਣ ਦੀ ਰੋਕਥਾਮ ਦੇ ਉਚਿਤ ਉਪਾਵਾਂ ਨੂੰ ਲਾਗੂ ਕਰਨਗੇ ਅਤੇ ਭਾਗੀਦਾਰਾਂ ਲਈ ਸਮਾਜਿਕ ਦੂਰੀਆਂ ਦੀ ਪਾਲਣਾ ਕਰਨ ਲਈ ਯੋਗ ਉਡੀਕ ਸਥਾਨ ਰਾਖਵੇਂ ਰੱਖਣਗੇ।

## ਹਿੱਸਾ ਕਿਵੇਂ ਲੈਣਾ ਹੈ

• ਭੀੜ ਦੇ ਇਕੱਠ ਨੂੰ ਰੋਕਣ ਲਈ, ਆਮ ਜਨਤਾ ਨੂੰ ਆਨਲਾਈਨ ਅਪਵਾਇੰਟਮੈਂਟ ਲੈਣੀ ਚਾਹੀਦੀ ਹੈ।

•ਅਪਵਾਇੰਟਮੈਂਟ ਲੈਣ ਸਮੇਂ ਵਿਅਕਤੀ ਦਾ ਨਾਮ, ਹਾਂਗ ਕਾਂਗ ਦਾ ਪਛਾਣ ਪੱਤਰ ਨੰਬਰ ਅਤੇ ਮੋਬਾਈਲ ਫੋਨ ਨੰਬਰ ਪ੍ਰਦਾਨ ਕਰਨਾ ਪਵੇਗਾ।

ਭਾਗੀਦਾਰ ਮੁਲਾਕਾਤ ਲਈ CTC, ਤਾਰੀਖ ਅਤੇ ਸਮੇਂ ਦੀ ਚੋਣ ਵੀ ਕਰ ਸਕਦੇ ਹਨ।

## ਨਮੂਨੇ ਲੈਣ ਦੀ ਵਿਧੀ

• ਨਮੂਨੇ ਨੱਕ ਅਤੇ ਗਲ਼ੇ ਵਿੱਚੋਂ  ਡਾਕਟਰੀ ਅਤੇ ਸਿਹਤ ਸੰਭਾਲ ਸਿਖਲਾਈ ਪ੍ਰਾਪਤ ਸਟਾਫ ਦੁਆਰਾ ਇਕੱਠੇ ਕੀਤੇ ਜਾਣਗੇ।

•ਭਾਗੀਦਾਰਾਂ ਨੂੰ SMS ਦੁਆਰਾ ਨੈਗਟਿਵ ਨਤੀਜੇ ਬਾਰੇ ਸੂਚਿਤ ਕੀਤਾ ਜਾਵੇਗਾ। ਜੋ ਲੋਕ ਟੈਸਟ ਵਿੱਚ ਪੌਜ਼ਟਿਵ ਆਉਂਦੇ ਹਨ ਉਨ੍ਹਾਂ ਨੂੰ ਸਿਹਤ ਵਿਭਾਗ ਵੱਲੋਂ ਇੱਕ ਸਰਕਾਰੀ ਹਸਪਤਾਲ ਵਿੱਚ  ਇਕਾਂਤਵਾਸ ਅਤੇ ਇਲਾਜ ਦਾ ਪ੍ਰਬੰਧ ਕਰਨ ਲਈ ਕਾੱਲ ਆਵੇਗੀ।

## ਗੁਪਤਤਾ ਦੀ ਸੁਰੱਖਿਆ

• UCTP ਸਿਰਫ ਕੋਵਿਡ -19 ਵਾਇਰਸ ਦੀ ਜਾਂਚ ਕਰੇਗੀ। ਸਾਰੀ ਟੈਸਟਿੰਗ ਹਾਂਗ ਕਾਂਗ ਵਿੱਚ ਕੀਤੀ ਜਾਵੇਗੀ। ਨਮੂਨਿਆਂ ਨੂੰ ਸਿਰਫ ਹਾਂਗ ਕਾਂਗ ਵਿੱਚ ਰੱਖਿਆ ਜਾਵੇਗਾ ਅਤੇ ਪ੍ਰੋਗਰਾਮ ਦੇ ਪੂਰਾ ਹੋਣ ਤੋਂ ਬਾਅਦ ਇੱਕ ਮਹੀਨੇ ਦੇ ਅੰਦਰ ਅੰਦਰ ਨਸ਼ਟ ਕਰ ਦਿੱਤਾ ਜਾਵੇਗਾ।

•ਭਾਗੀਦਾਰਾਂ ਦਾ ਨਿੱਜੀ ਡੇਟਾ ਐਨਕ੍ਰਿਪਟਡ ਕੀਤਾ ਜਾਵੇਗਾ ਅਤੇ ਸਰਕਾਰੀ ਡੇਟਾ ਸੈਂਟਰ ਦੇ ਸਰਵਰਾਂ ਵਿੱਚ ਸਟੋਰ ਕੀਤਾ ਜਾਵੇਗਾ। ਡੇਟਾ ਸਿਰਫ ਸਿਹਤ ਵਿਭਾਗ ਅਤੇ ਸਬੰਧਤ ਵਿਭਾਗਾਂ ਨੂੰ ਬਿਮਾਰੀ ਨਿਯੰਤਰਣ ਦੇ ਉਦੇਸ਼ ਲਈ ਉਪਲਬਧ ਹੋਵੇਗਾ ਅਤੇ ਇਸਨੂੰ ਨਿੱਜੀ ਡੇਟਾ (ਗੁਪਤਤਾ) ਆਰਡੀਨੈਂਸ (ਕੈਪ. 486) ਅਨੁਸਾਰ ਸੰਭਾਲਿਆ ਜਾਵੇਗਾ। ਸਾਰੇ ਨਿੱਜੀ ਡੇਟਾ ਅਤੇ ਟੈਸਟਿੰਗ ਨਤੀਜੇ ਪ੍ਰੋਗਰਾਮ ਦੇ ਪੂਰਾ ਹੋਣ ਤੋਂ ਬਾਅਦ ਇੱਕ ਮਹੀਨੇ ਦੇ ਅੰਦਰ-ਅੰਦਰ ਨਸ਼ਟ ਕਰ ਦਿੱਤੇ ਜਾਣਗੇ।

(ਨਮੂਨਾ ਲੈਣ ਦੇ ਸਥਾਨ)